# HIV ਨਾਲ ਜੀਵਨ ਬਸਰ ਕਰਨਾ:ਆਪਣੇ ਅਧਿਕਾਰਾਂ ਨੂੰ ਜਾਣੋ

Canadian HIV/AIDS Legal Network | Réseau juridique canadien VIH/sida

# ਸਕੂਲ ਅਤੇ ਡੇ-ਕੇਅਰ ਵਿੱਚ ਖੁਲਾਸਾ

## ਸਵਾਲ ਅਤੇ ਜਵਾਬ

---

### 1. ਮੈਨੂੰ ਕਿਸੇ ਸਕੂਲ ਜਾਂ ਡੇ-ਕੇਅਰ (daycare) ਨੂੰ ਮੇਰੀ ਬੱਚੇ ਦੀ ਅਵਸਥਾ ਬਾਰੇ ਖੁਲਾਸਾ ਕਰਨ ਦੀ ਕਦੋਂ ਲੋੜ ਹੁੰਦੀ ਹੈ?

ਜ਼ਿਆਦਾਤਰ ਮਾਮਲਿਆਂ ਵਿੱਚ, ਕਿਸੇ ਸਕੂਲ ਜਾਂ ਡੇ-ਕੇਅਰ ਨੂੰ ਇਹ ਦੱਸਣ ਦੀ ਕੋਈ ਕਨੂੰਨੀ ਜਿੰਮੇਵਾਰੀ ਨਹੀਂ ਹੁੰਦੀ ਕਿ ਤੁਹਾਡੇ ਬੱਚੇ ਨੂੰ HIV ਹੈ। ਕੀ ਤੁਸੀਂ ਸਕੂਲ ਜਾਂ ਡੇ-ਕੇਅਰ ਵਿਖੇ ਆਪਣੀ ਬੱਚੇ ਦੀ HIV ਅਵਸਥਾ ਦਾ ਖੁਲਾਸਾ ਕਰਦੇ ਹੋ, ਜਾਂ ਕਿਸਨੂੰ ਕਰਦੇ ਹੋ, ਇਹ ਪੂਰੀ ਤਰ੍ਹਾਂ ਤੁਹਾਡੀ ਮਰਜ਼ੀ ਹੋਣੀ ਚਾਹੀਦੀ ਹੈ। ਤੁਹਾਡੇ ਬੱਚੇ ਦੀ ਨਿੱਜੀ ਸਿਹਤ ਜਾਣਕਾਰੀ, ਜਿਸ ਵਿੱਚ HIV ਅਵਸਥਾ ਵੀ ਸ਼ਾਮਲ ਹੈ, ਗੁਪਤ, ਨਿੱਜੀ ਜਾਣਕਾਰੀ ਹੁੰਦੀ ਹੈ।

HIV ਸਾਧਾਰਨ ਸੰਪਰਕ ਰਾਹੀਂ ਜਾਂ ਉਲਟੀ, ਪਸੀਨੇ, ਟੱਟੀ, ਪਿਸ਼ਾਬ, ਹੰਝੂਆਂ ਜਾਂ ਨੱਕ ਵਿੱਚੋਂ ਹੋਣ ਵਾਲੇ ਰਿਸਾਵਾਂਰਾਹੀਂ ਨਹੀਂ ਫੈਲਦਾ। ਸਕੂਲ ਜਾਣ ਦੁਆਰਾ ਜਾਂ ਕਿਸੇ ਲਾਗ ਗ੍ਰਸਤ ਬੱਚੇ ਨਾਲ ਖਿਡੌਣੇ, ਭੋਜਨ ਅਤੇ ਡਰਿੰਕ ਸਾਂਝੇ ਕਰਨ ਦੁਆਰਾ ਬੱਚਿਆਂ ਨੂੰ HIV ਨਹੀਂ ਹੁੰਦਾ, ਇਸ ਕਰਕੇ ਆਮ ਤੌਰ ’ਤੇ ਕਿਸੇ ਸਕੂਲ ਵਾਸਤੇ ਖੁਲਾਸਾ ਲੋੜਨ ਦਾ ਕੋਈ ਕਾਰਨ ਨਹੀਂ ਹੁੰਦਾ।

ਡੇ-ਕੇਅਰ ਸਥਾਪਨਾਵਾਂ ਵਿਚਲੇ ਛੋਟੇ ਬੱਚਿਆਂ ਦੇ ਮਾਪੇ ਥੁੱਕਣ, ਖੁਰਕਣ ਅਤੇ ਦੰਦੀ ਵੱਢਣ ਰਾਹੀਂ HIV ਫੈਲਣ ਦੇ ਖਤਰੇ ਬਾਰੇ ਵਧੇਰੇ ਚਿੰਤਤ ਹੋ ਸਕਦੇ ਹਨ। ਪਰ, ਕੇਵਲ ਲਾਰ ਨਾਲ ਸੰਪਰਕ ਹੋਣ ਦਾ ਨਤੀਜਾ ਕਦੇ ਵੀ HIV ਫੈਲਣ ਦੇ ਰੂਪ ਵਿੱਚ ਨਿਕਲਿਆ ਨਹੀਂ ਦਿਖਾਇਆ ਗਿਆ, ਅਤੇ ਲਾਗ ਫੈਲਣ ਦਾ ਕੋਈ ਵੀ ਦਸਤਾਵੇਜ਼ਬੱਧ ਕੇਸ ਅਜਿਹਾ ਨਹੀਂ ਹੈ ਜੋ ਕਿਸੇ HIV ਨਾਲ ਜੀਵਨ ਬਸਰ ਕਰ ਰਹੇ ਵਿਅਕਤੀ ਵੱਲੋਂ ਕਿਸੇ ਹੋਰ ਵਿਅਕਤੀ ’ਤੇ ਥੁੱਕਣ ਕਰਕੇ ਹੋਇਆ ਹੋਵੇ। ਇਸੇ ਤਰ੍ਹਾਂ ਹੀ, ਖੁਰਕਣ ਤੋਂ ਲਾਗ ਫੈਲਣ ਦਾ ਕੋਈ ਖਤਰਾ ਨਹੀਂ ਹੈ ਕਿਉਂਕਿ ਵਿਅਕਤੀ ਵਿਸ਼ੇਸ਼ਾਂ ਵਿਚਕਾਰ ਸਰੀਰਕ ਤਰਲਾਂ ਦਾ ਕੋਈ ਤਬਾਦਲਾ ਨਹੀਂ ਹੁੰਦਾ। ਦੰਦੀ ਵੱਢਣ ਰਾਹੀਂ HIV ਦਾ ਫੈਲਣਾ ਬੇਹੱਦ

ਦੁਰਲੱਭ ਹੈ। ਦਸਤਾਵੇਜ਼ਬੱਧ ਮਾਮਲੇ ਜਿੱਥੇ ਲਾਗ ਦਾ ਫੈਲਣਾ ਵਾਪਰਿਆ, ਉਹਨਾਂ ਵਿੱਚ ਵਿਸਤਰਿਤ ਟਿਸ਼ੂ ਨੁਕਸਾਨ ਦੇ ਨਾਲ ਗੰਭੀਰ ਸੱਟ ਅਤੇ ਖ਼ੂਨ ਦੀ ਮੌਜੂਦਗੀ ਸ਼ਾਮਲ ਸਨ।

ਇੱਕੋ ਇੱਕ ਸਮਾਂ ਜਿੱਥੇ ਸਕੂਲ ਅਥਾਰਟੀਆਂ ਨੂੰ ਤੁਹਾਡੇ ਬੱਚੇ ਦੀ HIV ਅਵਸਥਾ ਬਾਰੇ ਸੂਚਿਤ ਕਰਨ ਦੀ ਲੋੜ ਹੁੰਦੀ ਹੈ, ਉਹ ਹੁੰਦਾ ਹੈ ਜੇਕਰ ਬੱਚੇ ਜਾਂ ਜਨਤਾ ਦੀ ਸੁਰੱਖਿਆ ਵਾਸਤੇ ਅਜਿਹਾ ਲੋੜੀਂਦਾ ਹੋਵੇ। ਕਿਸੇ ਗੈਰ-ਸੰਭਾਵੀ ਸੂਰਤ ਵਿੱਚ ਜਦੋਂ ਇਹ ਅਧਿਸੂਚਨਾ ਜ਼ਰੂਰੀ ਹੋ ਜਾਂਦੀ ਹੈ, ਓਦੋਂ ਸਕੂਲ ਅਥਾਰਟੀਆਂ ਨੂੰ ਅਮਲੇ ਦੇ ਉਹਨਾਂ ਮੈਂਬਰਾਂ ਦੀ ਸੰਖਿਆ ਨੂੰ ਪੂਰੀ ਤਰ੍ਹਾਂ ਘੱਟ ਤੋਂ ਘੱਟ ਰੱਖਣਾ ਚਾਹੀਦਾ ਹੈ ਜਿੰਨ੍ਹਾਂ ਨੂੰ ਤੁਹਾਡੇ ਬੱਚੇ ਦੀ ਅਵਸਥਾ ਤੋਂ ਜਾਣੂੰ ਕਰਵਾਇਆ ਜਾਂਦਾ ਹੈ।

ਕੈਨੇਡਾ ਦੇ ਮਨੁੱਖੀ ਅਧਿਕਾਰਾਂ ਸਬੰਧੀ ਕਨੂੰਨ ਸੇਵਾਵਾਂ ਪ੍ਰਦਾਨ ਕਰਦੇ ਸਮੇਂ, ਜਿੰਨ੍ਹਾਂ ਵਿੱਚ ਸਿੱਖਿਆ ਵੀ ਸ਼ਾਮਲ ਹੈ, ਅਪੰਗਤਾ ਦੇ ਆਧਾਰ 'ਤੇ ਭੇਦਭਾਵ ਦੀ ਮਨਾਹੀ ਕਰਦੇ ਹਨ। ਕਨੂੰਨ ਤਹਿਤ HIV ਅਤੇ AIDS ਨੂੰ ਅਪੰਗਤਾਵਾਂ ਮੰਨਿਆ ਜਾਂਦਾ ਹੈ। ਇਸਦਾ ਮਤਲਬ ਇਹ ਹੈ ਕਿ ਸਕੂਲ ਤੁਹਾਡੇ ਬੱਚੇ ਦੀ HIV ਅਵਸਥਾ ਬਾਰੇ ਪੁੱਛਗਿੱਛ ਨਹੀਂ ਕਰ ਸਕਦਾ, ਬਿਲਕੁੱਲ ਉਸੇ ਤਰ੍ਹਾਂ ਜਿਵੇਂ ਇਹ ਤੁਹਾਡੇ ਬੱਚੇ ਦੇ ਧਰਮ ਜਾਂ ਇਹੋ ਜਿਹੇ ਹੋਰ ਨਿੱਜੀ ਲੱਛਣਾਂ ਬਾਰੇ ਨਹੀਂ ਪੁੱਛ ਸਕਦਾ। ਸਕੂਲ ਵਿੱਚ ਸਵੀਕ੍ਰਿਤੀ ਜਾਂ ਨਿਰੰਤਰਤਾ ਦੀ ਸ਼ਰਤ ਵਜੋਂ ਇਸ ਜਾਣਕਾਰੀ ਦੀ ਬੇਨਤੀ ਕਰਨਾ ਸਕੂਲ ਅਥਾਰਟੀਆਂ ਵਾਸਤੇ ਗੈਰ-ਕਨੂੰਨੀ ਭੇਦਭਾਵ ਹੋਵੇਗਾ।

## 2. ਜੇ ਮੈਂ ਸਕੂਲ ਜਾਂ ਡੇ-ਕੇਅਰ ਵਿਖੇ ਕਿਸੇ ਨੂੰ ਦੱਸਦਾ ਹਾਂ ਕਿ ਮੇਰੇ ਬੱਚੇ ਨੂੰ HIV ਹੈ, ਤਾਂ ਕੀ ਉਹਨਾਂ ਲਈ ਇਸਨੂੰ ਗੁਪਤ ਰੱਖਣਾ ਜ਼ਰੂਰੀ ਹੈ?

ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸਨੂੰ ਦੱਸਦੇ ਹੋ। ਜੇ ਤੁਸੀਂ ਆਪਣੇ ਬੱਚੇ ਦੀ HIV ਅਵਸਥਾ ਦਾ ਖੁਲਾਸਾ ਕਿਸੇ ਸਕੂਲ ਅਥਾਰਟੀ ਨੂੰ ਕਰਦੇ ਹੋ (ਉਦਾਹਰਨ ਲਈ ਕੋਈ ਪ੍ਰਿੰਸੀਪਾਲ, ਅਧਿਆਪਕ, ਸਲਾਹਕਾਰ, ਪ੍ਰਸ਼ਾਸ਼ਕੀ ਅਮਲਾ, ਜਾਂ ਸਕੂਲ ਵਿਖੇ ਅਧਿਕਾਰਿਤ ਸਮਰੱਥਾ ਵਿੱਚ ਕੰਮ ਕਰਨ ਵਾਲੇ ਹੋਰ ਲੋਕ), ਤਾਂ ਉਸ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਇਸ ਜਾਣਕਾਰੀ ਨੂੰ ਗੁਪਤ ਰੱਖਣਾ ਚਾਹੀਦਾ ਹੈ – ਸਿਵਾਏ ਇੱਕ ਜਿਕਰਯੋਗ ਅਪਵਾਦ ਦੇ ਜਿਸਦਾ ਵਰਣਨ ਹੇਠਾਂ ਜਾਕੇ ਕੀਤਾ ਗਿਆ ਹੈ। ਕਨੂੰਨੀ ਤੌਰ 'ਤੇ, ਸਕੂਲ ਕਿਸੇ ਵਿਦਿਆਰਥੀ ਦੀ HIV ਅਵਸਥਾ – ਜਾਂ ਹੋਰ ਡਾਕਟਰੀ ਜਾਣਕਾਰੀ – ਦਾ ਖੁਲਾਸਾ, ਦੁਰਲੱਭ ਹਾਲਾਤਾਂ ਨੂੰ ਛੱਡਕੇ, ਤੁਹਾਡੀ ਸਹਿਮਤੀ ਦੇ ਬਿਨਾਂ ਹੋਰਨਾਂ (ਉਦਾਹਰਨ ਲਈ ਮਾਪਿਆਂ, ਅਧਿਆਪਕਾਂ, ਹੋਰ ਵਿਦਿਆਰਥੀਆਂ) ਨੂੰ ਨਹੀਂ ਕਰ ਸਕਦਾ।

ਕਿਸੇ ਬੱਚੇ ਦਾ ਡਾਕਟਰੀ ਰਿਕਾਰਡ ਗੁਪਤ ਹੁੰਦਾ ਹੈ ਅਤੇ ਸਕੂਲ ਕਰਮਚਾਰੀਆਂ ਦੁਆਰਾ ਮਾਪੇ ਦੀ ਆਗਿਆ ਦੇ ਬਿਨਾਂ ਜਾਰੀ ਨਹੀਂ ਕੀਤਾ ਜਾ ਸਕਦਾ। ਜੇ ਸਕੂਲ ਦੀਆਂ ਸਿਹਤ ਜਾਂ ਸਲਾਹ-ਮਸ਼ਵਰਾ ਸੇਵਾਵਾਂ ਵਿੱਚ HIV ਅਵਸਥਾ ਨੂੰ ਤੁਹਾਡੇ ਬੱਚੇ ਦੀ ਫਾਈਲ 'ਤੇ ਰਿਕਾਰਡ ਕੀਤਾ ਜਾਂਦਾ ਹੈ, ਤਾਂ ਇਸਨੂੰ ਗੁਪਤ ਜਾਣਕਾਰੀ ਸਮਝਿਆ ਜਾਂਦਾ ਹੈ ਅਤੇ ਇਸਨੂੰ ਹੋਰ ਸਕੂਲੀ ਅਮਲੇ ਨਾਲ ਸਾਂਝੀ ਨਹੀਂ ਕੀਤਾ ਜਾਣਾ ਚਾਹੀਦਾ।

ਚਾਹੇ ਤੁਸੀਂ ਆਪਣੇ ਬੱਚੇ ਦੀ HIV ਅਵਸਥਾ ਦਾ ਖੁਲਾਸਾ ਕਿਸੇ ਸਕੂਲੀ ਅਥਾਰਟੀ ਨੂੰ ਨਾ ਵੀ ਕੀਤਾ ਹੋਵੇ, ਪਰ ਜੇ ਕਿਸੇ ਹੋਰ ਸਰੋਤ ਰਾਹੀਂ ਸਕੂਲੀ ਅਥਾਰਟੀ ਨੂੰ ਪਤਾ ਚੱਲ ਜਾਂਦਾ ਹੈ, ਤਾਂ ਵੀ ਤੁਹਾਡੇ ਬੱਚੇ ਦੀ ਪਰਦੇਦਾਰੀ ਦੇ ਅਧਿਕਾਰ ਦਾ ਲਾਜ਼ਮੀ ਤੌਰ ’ਤੇ ਆਦਰ ਕੀਤਾ ਜਾਣਾ ਚਾਹੀਦਾ ਹੈ। ਇਸ ਜਾਣਕਾਰੀ ਨੂੰ ਲਾਜ਼ਮੀ ਤੌਰ ’ਤੇ ਸਖਤੀ ਨਾਲ ਗੁਪਤ ਰੱਖਿਆ ਜਾਣਾ ਚਾਹੀਦਾ ਹੈ ਅਤੇ ਉਹਨਾਂ ਵਿਅਕਤੀਆਂ ਦੀ ਸੰਖਿਆ ਨੂੰ ਲਾਜ਼ਮੀ ਤੌਰ ’ਤੇ ਉਹਨਾਂ ਦੀ ਜਾਣਨ ਦੀ ਲੋੜ ਦੁਆਰਾ ਸੀਮਤ ਕੀਤਾ ਜਾਣਾ ਚਾਹੀਦਾ ਹੈ ਜੋ ਇਸ ਤਸ਼ਖੀਸ ਨੂੰ ਜਾਣਦੇ ਹਨ।

ਪਰ, ਕੁਝ ਸੂਬਿਆਂ ਵਿੱਚ (ਉਦਾਹਰਨ ਲਈ ਅਲਬਰਟਾ, ਓਨਟੈਰੀਓ, ਨਿਊਫਾਊਂਡਲੈਂਡ, ਨੋਵਾ ਸਕੋਸ਼ੀਆ, ਪ੍ਰਿੰਸ ਐਡਵਰਡ ਆਈਲੈਂਡ), ਸਕੂਲ ਅਥਾਰਟੀਆਂ ਸਕੂਲ ਵਿਚਲੇ ਕਿਸੇ ਵਿਦਿਆਰਥੀ, ਜਿਸਨੂੰ HIV ਹੈ ਜਾਂ ਹੋ ਸਕਦੀ ਹੈ, ਦੀ ਰਿਪੋਰਟ ਸੂਬੇ ਦੇ ਮੈਡੀਕਲ ਆਫੀਸਰ ਆਫ ਹੈਲਥ ਕੋਲ ਕਰਨ ਲਈ ਕਨੂੰਨੀ ਤੌਰ ’ਤੇ ਪਾਬੰਦ ਹੁੰਦੀਆਂ ਹਨ, ਜਿਸਦੀ ਜਿੰਮੇਵਾਰੀ ਇਸ ਜਾਣਕਾਰੀ ਨੂੰ ਗੁਪਤ ਰੱਖਣਾ ਹੁੰਦੀ ਹੈ।

ਡੇ-ਕੇਅਰਜ਼ ਵੀ ਪਰਦੇਦਾਰੀ ਦੇ ਵਿਧਾਨ ਦੇ ਤਹਿਤ ਆਉਂਦੇ ਹਨ, ਇਸ ਕਰਕੇ ਜੇ ਤੁਸੀਂ ਆਪਣੇ ਬੱਚੇ ਦੀ HIV ਅਵਸਥਾ ਦਾ ਖੁਲਾਸਾ ਕਿਸੇ ਡੇ-ਕੇਅਰ ਪ੍ਰਦਾਨਕ ਕੋਲ ਕਰਦੇ ਹੋ, ਤਾਂ ਉਹ ਵੀ ਇਸ ਜਾਣਕਾਰੀ ਨੂੰ ਗੁਪਤ ਰੱਖਣ ਲਈ ਪਾਬੰਦ ਹੁੰਦੇ ਹਨ, ਜਦ ਤੱਕ ਕਿ ਤੁਸੀਂ ਖੁਲਾਸੇ ਵਾਸਤੇ ਸਹਿਮਤੀ ਨਹੀਂ ਦਿੰਦੇ। ਗੁਪਤਤਾ ਦਾ ਇਹ ਕਰੱਤਵ ਤੁਹਾਡੇ ਬੱਚੇ ਵੱਲੋਂ ਡੇ-ਕੇਅਰ ਛੱਡਣ ਦੇ ਬਾਅਦ ਵੀ ਲਾਗੂ ਹੋਣਾ ਜਾਰੀ ਰਹਿੰਦਾ ਹੈ।

ਜ਼ਿਆਦਾਤਰ ਸੂਬਿਆਂ ਅਤੇ ਖਿੱਤਿਆਂ ਵਿੱਚ, ਤੁਹਾਡੇ ਬੱਚੇ ਦੀ HIV ਅਵਸਥਾ ਨੂੰ ਗੁਪਤ ਰੱਖਣ ਦੀ ਕਨੂੰਨੀ ਜਿੰਮੇਵਾਰੀ *ਕਿਸੇ ਜਮਾਤੀ ਜਾਂ ਸਕੂਲ ਜਾਂ ਡੇ-ਕੇਅਰ ਵਿਖੇ ਕਿਸੇ ਹੋਰ ਵਿਅਕਤੀ ’ਤੇ ਲਾਗੂ ਨਹੀਂ ਹੁੰਦੀ ਜੋ ਕਿਸੇ ਅਧਿਕਾਰਿਤ ਸਮਰੱਥਾ ਵਿੱਚ ਕਾਰਜ ਨਹੀਂ ਕਰ ਰਿਹਾ*। ਅਜਿਹਾ ਇਸ ਲਈ ਹੈ ਕਿਉਂਕਿ ਜ਼ਿਆਦਾਤਰ ਪਰਦੇਦਾਰੀ ਕਨੂੰਨ, ਵਿਅਕਤੀ ਵਿਸ਼ੇਸ਼ਾਂ ਵਿਚਕਾਰ ਜਾਣਕਾਰੀ ਦੇ ਪ੍ਰਵਾਹ ਦੀ ਰੱਖਿਆ ਨਹੀਂ ਕਰਦੇ। ਜਿੱਥੇ ਕਿਤੇ ਵੀ ਪ੍ਰਾਈਵੇਟ ਨਾਗਰਿਕਾਂ ਵਿਚਕਾਰ ਪਰਦੇਦਾਰੀ ਦੀ ਉਲੰਘਣਾ ਵਾਸਤੇ ਕਾਰਵਾਈ ਦਾ ਕੋਈ ਕਨੂੰਨੀ ਕਾਰਨ ਹੋਵੇ (ਜਿਵੇਂ ਕਿ ਕੁਝ ਸੂਬਿਆਂ ਵਿੱਚ ਹੁੰਦਾ ਹੈ), ਤਾਂ ਕੁਝ ਸੀਮਤ ਹਾਲਾਤ ਹੀ ਹਨ ਜਿੰਨ੍ਹਾਂ ਵਿੱਚ ਕਿਸੇ ਵਿਅਕਤੀ ਨੂੰ ਦੇਣਦਾਰ ਪਾਇਆ ਜਾਵੇਗਾ।

ਵਿਹਾਰਕ ਰੂਪ ਵਿੱਚ, ਅਕਸਰ ਜਾਣਕਾਰੀ ਦੇ ਪ੍ਰਵਾਹ ਨੂੰ ਸਕੂਲ ਜਾਂ ਡੇ-ਕੇਅਰ ਵਿਖੇ ਕੰਟਰੋਲ ਕਰਨਾ ਮੁਸ਼ਕਿਲ ਹੁੰਦਾ ਹੈ ਅਤੇ ਜੇਕਰ ਪਰਦੇਦਾਰੀ ਦੀ ਉਲੰਘਣਾ ਵਾਪਰਦੀ ਹੈ ਤਾਂ ਕਨੂੰਨੀ ਉਪਚਾਰ ਸੀਮਤ ਹਨ। ਸੰਘੀ, ਸੂਬਾਈ ਅਤੇ ਖੇਤਰੀ ਪਰਦੇਦਾਰੀ ਕਨੂੰਨ ਕਿਸੇ ਵਿਅਕਤੀ ਵਿਸ਼ੇਸ਼ ਦੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਦੇ ਹਨ, ਜਿਸ ਵਿੱਚ ਅਧਿਕਾਰਿਤ ਸਕੂਲੀ ਰਿਕਾਰਡਾਂ ਜਾਂ ਡੇ-ਕੇਅਰ ਰਿਕਾਰਡਾਂ ਵਿੱਚ ਉਹਨਾਂ ਦੀ ਸਿਹਤ ਜਾਣਕਾਰੀ ਵੀ ਸ਼ਾਮਲ ਹੈ। ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਡੇ ਬੱਚੇ ਦੇ ਸਕੂਲ ਜਾਂ ਡੇ-ਕੇਅਰ ਦੁਆਰਾ ਉਸਦੀ ਪਰਦੇਦਾਰੀ ਦੀ ਉਲੰਘਣਾ ਕੀਤੀ ਗਈ ਹੈ, ਤਾਂ ਕਿਸੇ ਵਕੀਲ, ਲੀਗਲ ਕਲੀਨਿਕ ਜਾਂ ਤੁਹਾਡੇ ਸੂਬੇ/ਖਿੱਤੇ ਦੇ ਪਰਦੇਦਾਰੀ ਕਮਿਸ਼ਨਰ ਨਾਲ ਸਲਾਹ ਵਾਸਤੇ ਗੱਲ ਕਰੋ।

ਪਰਦੇਦਾਰੀ ਦੀਆਂ ਉਲੰਘਣਾਵਾਂ ਵਾਸਤੇ ਉਪਚਾਰਾਂ ਸਬੰਧੀ ਵਧੇਰੇ ਜਾਣਕਾਰੀ ਲਈ, ਇਸ ਲੜੀ ਵਿੱਚ **"ਕਾਰਜ-ਸਥਾਨ ਵਿੱਚ ਭੇਦਭਾਵ ਅਤੇ ਪਰਦੇਦਾਰੀ ਦੀਆਂ ਉਲੰਘਣਾਵਾਂ ਵਾਸਤੇ ਉਪਚਾਰ"**ਦੇਖੋ। ਇਸ ਜਾਣਕਾਰੀ ਵਿੱਚੋਂ ਕਾਫੀ ਸਾਰੀ ਸਕੂਲ ਅਤੇ ਡੇ-ਕੇਅਰ ਦੇ ਸੰਦਰਭ ਵਿੱਚ ਵੀ ਲਾਗੂ ਹੁੰਦੀ ਹੈ।

### 3. ਜੇ ਮੈਂ ਸਕੂਲ ਵਿਖੇ ਕਿਸੇ ਨੂੰ ਦੱਸਦਾ/ਦੀ ਹਾਂ ਕਿ ਮੇਰੇ ਬੱਚੇ ਨੂੰ HIV ਹੈ, ਤਾਂ ਕੀ ਇਸਨੂੰ ਮੇਰੇ ਬੱਚੇ ਦੀ ਸਕੂਲ ਦੀ ਫਾਈਲ ਵਿੱਚ ਰਿਕਾਰਡ ਕੀਤਾ ਜਾਵੇਗਾ?

ਸਕੂਲੀ ਅਥਾਰਟੀਆਂ ਤੋਂ ਲੋੜਿਆ ਜਾਂਦਾ ਹੈ ਕਿ ਉਹ ਵਿਦਿਆਰਥੀਆਂ ਦੀ ਡਾਕਟਰੀ ਜਾਣਕਾਰੀ ਦੀ ਰੱਖਿਆ ਕਰਨ, ਜਿਸ ਵਿੱਚ ਵਿਦਿਆਰਥੀ ਦੀ HIV ਅਵਸਥਾ ਵੀ ਸ਼ਾਮਲ ਹੈ। ਕੋਈ ਸਕੂਲੀ ਅਥਾਰਟੀ ਤੁਹਾਡੇ ਬੱਚੇ ਦੇ ਵਿਦਿਆਰਥੀ ਰਿਕਾਰਡ ਵਿੱਚ HIV ਅਵਸਥਾ ਨੂੰ ਰਿਕਾਰਡ ਕਰ ਸਕਦੀ ਹੈ, ਪਰ ਤੁਹਾਡੇ ਬੱਚੇ ਦੀ ਪਰਦੇਦਾਰੀ ਦੀ ਰੱਖਿਆ ਕਰਨ ਲਈ ਇਹ ਜਾਣਕਾਰੀ ਨਿਵੇਕਲੇ ਤੌਰ 'ਤੇ ਕਿਸੇ ਮਨੋਨੀਤ ਕਰਮਚਾਰੀ ਕੋਲ ਇੱਕ ਸੁਰੱਖਿਅਤ ਫਾਈਲਿੰਗ ਸਿਸਟਮ ਵਿੱਚ ਰਹਿਣੀ ਚਾਹੀਦੀ ਹੈ।

ਕੁਝ ਅਧਿਕਾਰ-ਖੇਤਰਾਂ ਵਿੱਚ (ਉਦਾਹਰਨ ਲਈ ਬ੍ਰਿਟਿਸ਼ ਕੋਲੰਬੀਆ ਅਤੇ ਓਨਟੈਰੀਓ), ਸਿਹਤ ਜਾਣਕਾਰੀ ਨੂੰ ਤੁਹਾਡੇ ਬੱਚੇ ਦੇ ਅਕਾਦਮਿਕ ਰਿਕਾਰਡ ਦੇ ਨਾਲ ਰੱਖਿਆ ਜਾ ਸਕਦਾ ਹੈ। ਪਰ, ਇਸ ਜਾਣਕਾਰੀ ਤੱਕ ਪਹੁੰਚ ਸੀਮਤ ਹੋਣੀ ਚਾਹੀਦੀ ਹੈ ਅਤੇ ਕੇਵਲ ਮਨੋਨੀਤ ਸਕੂਲੀ ਕਰਮਚਾਰੀ ਲਈ ਪਹੁੰਚਣਯੋਗ ਹੋਣੀ ਚਾਹੀਦੀ ਹੈ।

### 4. ਜੇ ਮੈਂ ਆਪਣੇ ਬੱਚੇ ਨੂੰ ਅਜੇ ਨਹੀਂ ਦੱਸਿਆ ਕਿ ਉਹ HIV-ਪਾਜ਼ੇਟਿਵ ਹੈ, ਪਰ ਸਕੂਲ, ਡੇ-ਕੇਅਰ ਜਾਂ ਹੋਰ ਸੰਭਾਲ-ਕਰਤਾ ਜਾਣਦਾ ਹੈ ਤਾਂ ਕੀ ਹੁੰਦਾ ਹੈ?

ਜੇ ਤੁਹਾਡੇ ਬੱਚੇ ਦਾ ਸੰਭਾਲ ਕਰਤਾ ਕਿਸੇ ਸਕੂਲ ਜਾਂ ਡੇ-ਕੇਅਰ ਵਿਖੇ ਅਧਿਕਾਰਿਤ ਸਮਰੱਥਾ ਵਿੱਚ ਕੰਮ ਕਰਦਾ ਹੈ, ਤਾਂ ਤੁਹਾਡੇ ਬੱਚੇ ਦੀ HIV ਅਵਸਥਾ ਨੂੰ ਗੁਪਤ ਰੱਖਣ ਲਈ ਸੰਭਾਲ ਕਰਤਾ ਦੀ ਵੀ ਉਹੀ ਕਨੂੰਨੀ ਜ਼ਿੰਮੇਵਾਰੀ ਹੁੰਦੀ ਹੈ, ਇਸ ਵਿੱਚ ਤੁਹਾਡੇ ਬੱਚੇ ਕੋਲੋਂ ਵੀ ਗੁਪਤ ਰੱਖਣਾ ਸ਼ਾਮਲ ਹੈ। ਜ਼ਿਆਦਾਤਰ ਸੂਬਿਆਂ ਅਤੇ ਖਿੱਤਿਆਂ ਵਿੱਚ, ਇਹ ਕਨੂੰਨੀ ਜ਼ਿੰਮੇਵਾਰੀ ਲਾਗੂ ਨਹੀਂ ਹੁੰਦੀ ਜੇਕਰ ਤੁਹਾਡਾ ਬੱਚੇ ਦਾ ਸੰਭਾਲ ਕਰਤਾ ਅਧਿਕਾਰਿਤ ਸਕੂਲ ਸਮਰੱਥਾ ਵਿੱਚ ਕਾਰਜ ਨਹੀਂ ਕਰ ਰਿਹਾ (ਉਦਾਹਰਨ ਲਈ ਇੱਕ ਬੇਬੀਸਿਟਰ ਵਜੋਂ)।

### 5. ਮੈਨੂੰ ਮੇਰੇ ਬੱਚੇ ਦੀ HIV ਅਵਸਥਾ ਦਾ ਖੁਲਾਸਾ ਕਿਸੇ ਹੋਰ ਸਥਾਪਨਾ ਵਿਖੇ ਕਰਨ ਦੀ ਕਦੋਂ ਲੋੜ ਹੁੰਦੀ ਹੈ (ਉਦਾਹਰਨ ਲਈ, ਕਿਸੇ ਬੇਬੀਸਿਟਰ ਨੂੰ, ਕਿਸੇ ਸਲੀਪਓਵਰ ਦੌਰਾਨ, ਮੇਰੇ ਬੱਚੇ ਦੀ ਟੀਮ ਦੇ ਮੁਖੀ ਨੂੰ)?

ਜਿਵੇਂ ਕਿ ਸਕੂਲ ਅਤੇ ਡੇ-ਕੇਅਰ ਦੇ ਸਬੰਧ ਵਿੱਚ ਹੁੰਦਾ ਹੈ, ਜ਼ਿਆਦਾਤਰ ਮਾਮਲਿਆਂ ਵਿੱਚ ਕਿਸੇ ਹੋਰ ਸਥਾਪਨਾ ਵਿੱਚ ਤੁਹਾਡੇ ਬੱਚੇ ਦੀ HIV ਅਵਸਥਾ ਦਾ ਖੁਲਾਸਾ ਕਰਨ ਲਈ ਕੋਈ ਕਨੂੰਨੀ ਜ਼ਿੰਮੇਵਾਰੀ ਨਹੀਂ ਹੁੰਦੀ ਕਿਉਂਕਿ HIV ਸਾਧਾਰਨ ਸੰਪਰਕ ਰਾਹੀਂ ਨਹੀਂ ਫੈਲਦਾ। ਜੇ ਤੁਹਾਡਾ ਬੱਚਾ ਖੇਡਾਂ ਖੇਡਦਾ ਹੈ, ਤਾਂ ਕੈਨੇਡੀਅਨ ਅਕੈਡਮੀ ਆਫ

ਸਪੋਰਟ ਮੈਡੀਸਨ ਨੇ ਸਿੱਟਾ ਕੱਢਿਆ ਹੈ, "ਖੇਡ ਸਥਾਪਨਾ ਵਿੱਚ HIV ਫੈਲਣ ਦਾ ਖਤਰਾ ਬੇਹੱਦ ਘੱਟ ਹੈ। ... ਖੇਡ ਵਿਚਲੇ ਭਾਗੀਦਾਰ HIV ਦੀ ਲਾਗ ਦੇ ਉਹਨਾਂ ਹੀ ਖਤਰਿਆਂ ਦੇ ਤਹਿਤ ਹੁੰਦੇ ਹਨ ਜਿਵੇਂ ਕਿ ਆਮ ਆਬਾਦੀ ਵਿਚਲਾ ਕੋਈ ਹੋਰ ਵਿਅਕਤੀ ਵਿਸ਼ੇਸ਼।"

ਇੱਕੋ ਇੱਕ ਸਮਾਂ ਜਿੱਥੇ ਤੁਹਾਡੇ ਬੱਚੇ ਦੀ HIV ਅਵਸਥਾ ਬਾਰੇ ਹੋਰਨਾਂ ਨੂੰ ਸੂਚਿਤ ਕਰਨ ਦੀ ਲੋੜ ਹੁੰਦੀ ਹੈ, ਉਹ ਹੈ ਜੇਕਰ ਬੱਚੇ ਜਾਂ ਜਨਤਾ ਦੀ ਸੁਰੱਖਿਆ ਵਾਸਤੇ ਅਜਿਹਾ ਲੋੜੀਂਦਾ ਹੈ। ਪਰ, ਜ਼ਿਆਦਾਤਰ ਸੂਬਿਆਂ ਅਤੇ ਖਿੱਤਿਆਂ ਵਿੱਚ, ਤੁਹਾਡੀ ਬੱਚੇ ਦੀ ਗੁਪਤਤਾ ਨੂੰ ਬਣਾਈ ਰੱਖਣ ਦੀ ਹੋਰਨਾਂ ਮਾਪਿਆਂ (ਉਦਾਹਰਨ ਲਈ ਕਿਸੇ ਸਵੈਸੇਵੀ ਮਾਪਾ ਖੇਡ ਕੋਚ) ਦੀ ਕੋਈ ਜਿੰਮੇਵਾਰੀ ਨਹੀਂ ਹੁੰਦੀ।

## 6. ਕੀ HIV-ਪਾਜੇਟਿਵ ਅਵਸਥਾ ਦੇ ਨਤੀਜੇ ਵਜੋਂ ਮੇਰੇ ਬੱਚੇ ਦੀਆਂ ਸਰਗਰਮੀਆਂ ਨੂੰ ਸੀਮਤ ਕੀਤਾ ਜਾਵੇਗਾ?

HIV ਨਾਲ ਜੀਵਨ ਬਸਰ ਕਰ ਰਹੇ ਬੱਚੇ ਅਤੇ ਹੋਰਨਾਂ ਬੱਚਿਆਂ ਵਿਚਕਾਰ ਸਾਧਾਰਨ ਸੰਪਰਕ ਰਾਹੀਂ HIV ਫੈਲਣ ਦਾ ਖਤਰਾ ਬੇਹੱਦ ਮਾਮੂਲੀ ਹੈ। HIV ਨਾਲ ਜੀਵਨ ਬਸਰ ਕਰ ਰਹੇ ਬੱਚਿਆਂ ਨੂੰ ਬਿਨਾਂ ਮਨਾਹੀ ਦੇ ਸਰਗਰਮੀਆਂ ਵਿੱਚ ਭਾਗ ਲੈਣ ਦੇ ਯੋਗ ਹੋਣਾ ਚਾਹੀਦਾ ਹੈ। ਕੁਝ ਸੂਬਿਆਂ ਵਿੱਚ, ਮੈਡੀਕਲ ਆਫੀਸਰ ਆਫ ਹੈਲਥ ਨੂੰ ਅਜਿਹਾ ਲੱਗ ਸਕਦਾ ਹੈ ਕਿ ਕੁਝ ਵਿਸ਼ੇਸ਼ ਹਾਲਾਤ ਹਨ (ਉਦਾਹਰਨ ਲਈ ਵਿਵਹਾਰ ਸਬੰਧੀ ਜਾਂ ਤੰਤੂ-ਵਿਗਿਆਨਕ ਅਵਸਥਾਵਾਂ) ਜੋ ਕੁਝ ਮਨਾਹੀ ਨੂੰ ਜ਼ਰੂਰੀ ਬਣਾਉਂਦੇ ਹਨ। ਪਰ, ਤੁਹਾਡੇ ਬੱਚੇ ਦੀਆਂ ਕਿਰਿਆਵਾਂ 'ਤੇ ਕਿਸੇ ਸੰਭਵ ਮਨਾਹੀਆਂ ਦੀ ਲੋੜ ਦਾ ਸਮੇਂ-ਸਮੇਂ 'ਤੇ ਮੈਡੀਕਲ ਆਫੀਸਰ ਆਫ ਹੈਲਥ ਅਤੇ ਬੱਚੇ ਦੇ ਡਾਕਟਰ ਦੁਆਰਾ ਮੁੜ-ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ।

ਚਾਹੇ ਕਿਸੇ ਸਕੂਲ ਜਾਂ ਡੇ-ਕੇਅਰ ਨੂੰ ਵਿਦਿਆਰਥੀਆਂ ਜਾਂ ਆਪਣੀ ਸੰਭਾਲ ਵਿਚਲੇ ਬੱਚਿਆਂ ਵਿੱਚੋਂ HIV ਨਾਲ ਜੀਵਨ ਬਸਰ ਕਰ ਰਹੇ ਕਿਸੇ ਬੱਚਿਆਂ ਬਾਰੇ ਪਤਾ ਹੋਵੇ ਜਾਂ ਨਾ, ਪਰ ਜਿੱਥੇ ਕਿਤੇ ਵੀ ਖੂਨ ਜਾਂ ਸਰੀਰਕ ਤਰਲਾਂ ਨਾਲ ਸੰਪਰਕ ਹੁੰਦਾ ਹੈ, ਸਾਰੇ ਮਾਮਲਿਆਂ ਵਿੱਚ ਮਿਆਰੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਸਕੂਲ ਅਤੇ ਡੇ-ਕੇਅਰਜ਼ ਵਿੱਚ ਸੰਕਟਕਾਲੀ ਪ੍ਰੋਟੋਕੋਲ ਸਥਾਪਤ ਕੀਤੇ ਜਾਣੇ ਚਾਹੀਦੇ ਹਨ ਅਤੇ ਸਾਰੇ ਕਰਮਚਾਰੀਆਂ ਨੂੰ ਮੁੱਢਲੀ ਸੰਭਾਲ ਦੀਆਂ ਸਹੀ ਪ੍ਰਕਿਰਿਆਵਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਅਤੇ ਇਹਨਾਂ ਪ੍ਰਕਿਰਿਆਵਾਂ ਨੂੰ ਲਾਗੂ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਇਹ ਯਕੀਨੀ ਬਣਾਉਣਾ ਸਕੂਲ ਜਾਂ ਡੇ-ਕੇਅਰ ਦੀ ਜਿੰਮੇਵਾਰੀ ਹੈ ਕਿ ਅਜਿਹੀਆਂ ਪ੍ਰਸਥਿਤੀਆਂ ਵਿੱਚ ਕਰਮਚਾਰੀ ਸਹੀ ਪ੍ਰਥਾਵਾਂ ਦਾ ਸੰਚਾਲਨ ਕਰਨ ਵਿੱਚ ਸਮਰੱਥ ਹੋਣ।

## 7. ਕੀ ਮੇਰੇ ਬੱਚੇ ਦਾ ਸਕੂਲ ਮੇਰੇ ਬੱਚੇ ਨੂੰ ਅਨੁਕੂਲਤਾ ਪ੍ਰਦਾਨ ਕਰਾ ਸਕਦਾ ਹੈ?

ਇੱਕ ਵਾਰ ਜਦ ਕਿਸੇ ਬੱਚੇ ਨੇ ਕਿਸੇ ਅਪੰਗਤਾ (ਜਿਵੇਂ ਕਿ HIV) ਨਾਲ ਸਬੰਧਿਤ ਕਿਸੇ ਲੋੜ ਦੀ ਪਛਾਣ ਕਰ ਲਈ ਹੈ, ਤਾਂ ਸਕੂਲ ਦਾ ਕਰੱਤਵ ਹੈ ਕਿ ਉਹ ਵਿਦਿਆਰਥੀ ਨੂੰ ਅਨੁਕੂਲਤਾ ਪ੍ਰਦਾਨ ਕਰਾਵੇ ਤਾਂ ਜੋ "ਨਾਜਾਇਜ਼

ਮੁਸ਼ਕਿਲ” ਦੀ ਹੱਦ ਤੱਕ, ਵਿਦਿਆਰਥੀ ਨੂੰ ਸਕੂਲੀ ਸੇਵਾਵਾਂ ਤੱਕ ਬਰਾਬਰ ਪਹੁੰਚ ਦੇ ਯੋਗ ਬਣਾਇਆ ਜਾ ਸਕੇ। ਬਰਾਬਰਤਾ ਦੇ ਵਿਵਹਾਰ ਦਾ ਅਧਿਕਾਰ ਅਤੇ ਅਨੁਕੂਲਤਾ ਪ੍ਰਦਾਨ ਕਰਾਉਣ ਦਾ ਕਰੱਤਵ, ਜਨਤਕ ਅਤੇ ਨਿੱਜੀ ਫ਼ੰਡ ਸਹਾਇਤਾ ਪ੍ਰਾਪਤ ਸ਼ੁਰੂਆਤੀ ਬਚਪਨ ਲਈ ਪ੍ਰੀ-ਸਕੂਲਾਂ, ਐਲੀਮੈਂਟਰੀ ਸਕੂਲਾਂ ਅਤੇ ਸੈਕੰਡਰੀ ਸਕੂਲਾਂ ਵਾਸਤੇ ਮੌਜੂਦ ਹੈ।

ਜੇ ਤੁਸੀਂ ਆਪਣੇ ਬੱਚੇ ਦੇ ਸਕੂਲ ਤੋਂ ਅਨੁਕੂਲਤਾ ਦੀ ਬੇਨਤੀ ਕਰਦੇ ਹੋ, ਤਾਂ ਤੁਹਾਨੂੰ ਆਪਣੇ ਬੱਚੇ ਦੀਆਂ HIV-ਸਬੰਧਿਤ ਲੋੜਾਂ ਬਾਰੇ ਜਾਣਕਾਰੀ ਪ੍ਰਦਾਨ ਕਰਾਉਣ ਦੀ ਲੋੜ ਹੋਵੇਗੀ ਤਾਂ ਜੋ ਅਨੁਕੂਲਤਾ ਨੂੰ ਸੁਵਿਧਾਜਨਕ ਬਣਾਇਆ ਜਾ ਸਕੇ। ਜ਼ਿਆਦਾਤਰ ਮਾਮਲਿਆਂ ਵਿੱਚ, ਇਹ ਤੁਹਾਡੇ ਕੋਲੋਂ ਸਕੂਲੀ ਅਥਾਰਟੀਆਂ ਨੂੰ ਤੁਹਾਡੇ ਬੱਚੇ ਦੀ HIV ਅਵਸਥਾ ਬਾਰੇ ਸੂਚਿਤ ਕਰਨਾ, ਜਾਂ ਤਸ਼ਖੀਸ ਵਰਗੀ ਕੋਈ ਵਿਸ਼ੇਸ਼ ਡਾਕਟਰੀ ਜਾਣਕਾਰੀ ਪ੍ਰਦਾਨ ਕਰਾਉਣਾ ਨਹੀਂ ਲੋੜਦਾ, ਕਿਉਂਕਿ ਆਮ ਤੌਰ ’ਤੇ ਇਹ ਅਨੁਕੂਲਤਾ ਦੀ ਯੋਜਨਾਬੰਦੀ ਨਾਲ ਸਬੰਧਿਤ ਜਾਂ ਇਸ ਵਾਸਤੇ ਜ਼ਰੂਰੀ ਨਹੀਂ ਹੋਵੇਗਾ। ਬਿਨਾਂ ਕੋਈ ਰਸਮੀ ਤਸ਼ਖੀਸ ਲੋੜਨ ਦੇ, ਸਕੂਲੀ ਅਥਾਰਟੀਆਂ ਨੂੰ ਕਿਸੇ ਵਿਦਿਆਰਥੀ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਅਣਥੱਕ ਕੋਸ਼ਿਸ਼ ਕਰਨੀ ਚਾਹੀਦੀ ਹੈ।

ਪਰ, ਕੁਝ ਅਜਿਹੇ ਮਾਮਲੇ ਹੋ ਸਕਦੇ ਹਨ, ਜਿੱਥੇ ਕੋਈ ਸਕੂਲ ਤੁਹਾਡੇ ਬੱਚੇ ਦੀ ਅਵਸਥਾ ਬਾਰੇ ਵਧੇਰੇ ਵਿਸ਼ੇਸ਼ ਜਾਣਕਾਰੀ ਲੋੜਦਾ ਹੈ ਤਾਂ ਜੋ ਅਨੁਕੂਲਤਾ ਪ੍ਰਦਾਨ ਕੀਤੀ ਜਾ ਸਕੇ, ਇਸ ਵਿੱਚ ਕੁਝ ਮਾਮਲਿਆਂ ਵਿੱਚ ਬਿਮਾਰੀ ਦੀ ਡਾਕਟਰੀ ਪੁਸ਼ਟੀ ਵੀ ਸ਼ਾਮਲ ਹੈ। ਜਦ ਕੋਈ ਡਾਕਟਰੀ ਤਸ਼ਖੀਸ ਜ਼ਰੂਰੀ ਹੋ ਜਾਂਦੀ ਹੈ, ਤਾਂ ਤੁਹਾਡੇ ਬੱਚੇ ਦਾ ਸਕੂਲ ਤੁਹਾਡੇ ਬੱਚੇ ਦੀ ਗੁਪਤਤਾ (ਉੱਪਰ ਦੱਸੇ ਗਏ ਅਪਵਾਦਾਂ ਦੇ ਤਹਿਤ) ਨੂੰ ਯਕੀਨੀ ਬਣਾਉਣ ਲਈ, ਉਸ ਜਾਣਕਾਰੀ ਦੀ ਬੇਨਤੀ ਕਰਨ ਲਈ ਜੋ ਉਸ ਚੀਜ਼ ਤੱਕ ਸੀਮਤ ਹੈ ਜੋ ਅਨੁਕੂਲਤਾ ਵਾਸਤੇ ਵਿਸ਼ੇਸ਼ ਤੌਰ ’ਤੇ ਲੋੜੀਂਦੀ ਹੈ, ਅਤੇ ਅਨੁਕੂਲਤਾ ਦਾ ਸੰਚਾਲਨ ਕਰਨ ਲਈ ਜਿੰਮੇਵਾਰ ਲੋਕਾਂ ਨਾਲ ਵਿਦਿਆਰਥੀ ਦੀ ਅਵਸਥਾ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਜਿੰਮੇਵਾਰ ਹੁੰਦਾ ਹੈ।

ਅਨੁਕੂਲਤਾ ਵਾਸਤੇ ਕੋਈ ਵਿਆਪਕ ਪਹੁੰਚ ਨਹੀਂ ਹੈ ਅਤੇ ਕਿਸੇ ਸਕੂਲ ਨੂੰ ਲਾਜ਼ਮੀ ਤੌਰ ’ਤੇ ਹਰੇਕ ਵਿਦਿਆਰਥੀ ਦੀਆਂ ਵਿਲੱਖਣ ਲੋੜਾਂ ਦੀ ਪੂਰਤੀ ਕਰਨੀ ਚਾਹੀਦੀ ਹੈ। ਅਨੁਕੂਲਤਾ ਦੀਆਂ ਕਿਸਮਾਂ ਵਿੱਚ ਕਿਸੇ ਸਕੂਲ ਦੀ ਭੌਤਿਕ ਪਹੁੰਚਣਯੋਗਤਾ ਵਿੱਚ ਸੁਧਾਰ ਕਰਨ ਲਈ ਸੋਧਾਂ ਤੋਂ ਲੈਕੇ, ਮੁਲਾਂਕਣ ਵਾਸਤੇ ਸੋਧੇ ਹੋਏ ਪਾਠ-ਕ੍ਰਮ ਜਾਂ ਪਹੁੰਚਾਂ, ਵਿਸ਼ੇਸ਼ ਮਾਹਰਾਂ ਕੋਲੋਂ ਜਮਾਤ-ਵਿੱਚ ਸਹਾਇਤਾ (ਉਦਾਹਰਨ ਲਈ ਟਿਊਟਰ, ਨੋਟ-ਲਿਖਣ ਵਾਲੇ, ਨਿੱਜੀ ਰੀਡਰ), ਸਕੂਲ ਤੱਕ ਆਉਣ ਅਤੇ ਜਾਣ ਲਈ ਆਵਾਜਾਈ ਸਾਧਨ ਸ਼ਾਮਲ ਹੋ ਸਕਦੇ ਹਨ।

ਨਾਜਾਇਜ਼ ਮੁਸ਼ਕਿਲ ਵਾਸਤੇ ਮਿਆਰ ਬੇਹੱਦ ਉੱਚਾ ਹੈ, ਅਤੇ ਕੇਵਲ ਤਿੰਨ ਕਾਰਕਾਂ ’ਤੇ ਹੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ: ਲਾਗਤ, ਫ਼ੰਡ ਸਹਾਇਤਾ ਦੇ ਬਾਹਰੀ ਸਰੋਤ, ਅਤੇ ਸਿਹਤ ਅਤੇ ਸੁਰੱਖਿਆ। ਸਬੂਤ ਪ੍ਰਦਾਨ ਕਰਾਉਣ ਦਾ ਬੋਝ ਨਾਜਾਇਜ਼ ਮੁਸ਼ਕਿਲ ਦਾ ਦਾਅਵਾ ਕਰਦੇ ਸਕੂਲ ਉੱਤੇ ਹੁੰਦਾ ਹੈ, ਅਤੇ ਇਸ ਦਾਅਵੇ ਦਾ ਸਮਰਥਨ ਕਰਦੇ

ਸਬੂਤ (ਉਦਾਹਰਨ ਲਈ ਤੱਥ, ਸੰਖਿਆਵਾਂ ਅਤੇ ਵਿਗਿਆਨਕ ਅੰਕੜੇ ਜਾਂ ਨਜ਼ਰੀਆ) ਲਾਜ਼ਮੀ ਤੌਰ ’ਤੇ ਹੋਣੇ ਚਾਹੀਦੇ ਹਨ ਕਿ ਤਜਵੀਜ਼ ਕੀਤੀ ਅਨੁਕੂਲਤਾ ਅਸਲ ਵਿੱਚ ਨਾਜਾਇਜ਼ ਮੁਸ਼ਕਿਲ ਦਾ ਕਾਰਨ ਬਣਦੀ ਹੈ।

## 8. ਸਕੂਲ ਵਿਖੇ ਭੇਦਭਾਵ ਅਤੇ ਸਤਾਏ ਜਾਣ ਦੇ ਖਿਲਾਫ ਕਿਸੇ ਵਿਅਕਤੀ ਕੋਲ ਕੀ ਸੁਰੱਖਿਆ ਹੁੰਦੀ ਹੈ?

ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਸਕੂਲ ਵਿਖੇ ਤੁਹਾਡੇ ਬੱਚੇ ਨਾਲ ਭੇਦਭਾਵ ਕੀਤਾ ਜਾ ਰਿਹਾ ਹੈ ਜਾਂ ਉਸਨੂੰ ਸਤਾਇਆ ਜਾ ਰਿਹਾ ਹੈ, ਤਾਂ ਤੁਹਾਨੂੰ ਭੇਦਭਾਵ ਦੇ ਸਬੰਧਿਤ ਵਿਸਥਾਰਾਂ ਨੂੰ ਦਸਤਾਵੇਜ਼ਬੱਧ ਕਰਨ ਦੁਆਰਾ ਇੱਕ ਰਿਕਾਰਡ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ (ਉਦਾਹਰਨ ਲਈ ਤਾਰੀਖ਼ਾਂ, ਘਟਨਾਵਾਂ ਦੇ ਵਰਣਨ, ਗਵਾਹਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ, ਜੇ ਕੋਈ ਹਨ, ਸਾਰੀਆਂ ਸਬੰਧਿਤ ਈਮੇਲਾਂ, ਲਿਖਤੀ ਸੰਦੇਸ਼ਾਂ, ਸ਼ੋਸ਼ਲ ਮੀਡੀਆ ’ਤੇ ਪੋਸਟਿੰਗਾਂ, ਪੱਤਰਾਂ ਅਤੇ ਦਸਤਾਵੇਜ਼ਾਂ ਦੀਆਂ ਨਕਲਾਂ)।

ਜ਼ਿਆਦਾਤਰ ਸਕੂਲਾਂ, ਰਸਮੀ ਬਾਲ-ਸੰਭਾਲ ਪ੍ਰਦਾਨਕਾਂ ਅਤੇ ਸਕੂਲ ਬੋਰਡਾਂ ਨੇ ਵਿਸਤਰਿਤ ਨੀਤੀਆਂ ਅਤੇ ਪ੍ਰਕਿਰਿਆਵਾਂ ਸਥਾਪਤ ਕਰਕੇ ਰੱਖੀਆਂ ਹਨ ਤਾਂ ਜੋ ਭੇਦਭਾਵ ਅਤੇ ਸਤਾਏ ਜਾਣ ਦੀਆਂ ਕਈ ਸਾਰੀਆਂ ਕਿਸਮਾਂ ਵੱਲ ਤਵੱਜੋਂ ਦਿੱਤੀ ਜਾ ਸਕੇ। ਸੁਰੱਖਿਅਤ ਅਤੇ ਸੰਭਾਲਮਈ ਵਾਤਾਵਰਣ ਪ੍ਰਦਾਨ ਕਰਾਉਣਾ ਉਹਨਾਂ ਦੀ ਜਿੰਮੇਵਾਰੀ ਹੈ ਅਤੇ ਉਹਨਾਂ ਵਿੱਚੋਂ ਜ਼ਿਆਦਾਤਰ ਗੁੰਡਾਗਰਦੀ, ਭੇਦਭਾਵ ਅਤੇ ਸਤਾਏ ਜਾਣ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਨ। ਇਸ ਕਰਕੇ ਤੁਹਾਡੇ ਬੱਚੇ ਵਾਸਤੇ ਸਮਰਥਨ ਲੱਭਣ ਲਈ ਅਤੇ ਸਤਾਏ ਜਾਣ ਨੂੰ ਬੰਦ ਕਰਾਉਣ ਲਈ, ਪਹਿਲਾਂ ਤੁਹਾਡੇ ਬੱਚੇ ਦਾ ਅਧਿਆਪਕ, ਪ੍ਰਿੰਸੀਪਾਲ ਜਾਂ ਡੇ-ਕੇਅਰ ਸੈਂਟਰ ਦਾ ਨਿਰਦੇਸ਼ਕ ਗੱਲ ਕਰਨ ਲਈ ਸਭ ਤੋਂ ਵਧੀਆ ਲੋਕ ਹੋ ਸਕਦੇ ਹਨ।

ਮਨੁੱਖੀ ਅਧਿਕਾਰਾਂ ਦੇ ਕਨੂੰਨਾਂ ਤਹਿਤ, ਸਕੂਲ ਵਿੱਚ HIV-ਸਬੰਧਿਤ ਭੇਦਭਾਵ ਅਤੇ ਸਤਾਏ ਜਾਣ (ਜਿਸਨੂੰ ਭੇਦਭਾਵ ਦੀ ਇੱਕ ਕਿਸਮ ਸਮਝਿਆ ਜਾਂਦਾ ਹੈ) ਤੋਂ ਤੁਹਾਡੀ ਰੱਖਿਆ ਕੀਤੀ ਜਾਂਦੀ ਹੈ। ਜ਼ਿਆਦਾਤਰ ਅਧਿਕਾਰ-ਖੇਤਰਾਂ ਵਿੱਚ, ਲਾਗੂ ਹੋਣ ਵਾਲਾ ਮਨੁੱਖੀ ਅਧਿਕਾਰ ਕਮਿਸ਼ਨ ਉਹਨਾਂ ਲੋਕਾਂ ਨੂੰ ਜਾਣਕਾਰੀ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ ਜੋ ਵਿਸ਼ਵਾਸ ਕਰਦੇ ਹਨ ਕਿ ਉਹਨਾਂ ਨਾਲ ਭੇਦਭਾਵ ਹੋਇਆ ਹੈ। ਬਹੁਤ ਸਾਰੀਆਂ ਸ਼ਿਕਾਇਤਾਂ ਦਾ ਨਿਪਟਾਰਾ ਵਿਚੋਲਗਿਰੀ ਰਾਹੀਂ ਕੀਤਾ ਜਾਂਦਾ ਹੈ। ਜੇ ਵਿਚੋਲਗਿਰੀ ਦੀਆਂ ਕੋਸ਼ਿਸ਼ਾਂ ਅਸਫਲ ਰਹਿੰਦੀਆਂ ਹਨ, ਤਾਂ ਕਮਿਸ਼ਨ ਫੈਸਲਾ ਕਰੇਗਾ ਕਿ ਕੀ ਕੇਸ ਨੂੰ ਸੁਣਵਾਈ ਵਾਸਤੇ ਕਿਸੇ ਮਨੁੱਖੀ ਅਧਿਕਾਰਾਂ ਸਬੰਧੀ ਟ੍ਰਿਬਿਊਨਲ ਕੋਲ ਭੇਜਣਾ ਹੈ। ਜੇ ਕਮਿਸ਼ਨ ਕੇਸ ਨੂੰ ਕਿਸੇ ਟ੍ਰਿਬਿਊਨਲ ਕੋਲ ਨਾ ਭੇਜਣ ਦਾ ਫੈਸਲਾ ਕਰਦਾ ਹੈ, ਤਾਂ ਇਹ ਸ਼ਿਕਾਇਤ ਦੀ ਸਮਾਪਤੀ ਹੋਵੇਗੀ।

ਹਰੇਕ ਸੂਬੇ ਜਾਂ ਖਿੱਤੇ ਵਿੱਚ ਉਪਲਬਧ ਪ੍ਰਕਿਰਿਆਵਾਂ ਅਤੇ ਸੇਵਾਵਾਂ ਵੱਖੋ-ਵੱਖ ਹੁੰਦੀਆਂ ਹਨ; ਇਸ ਲਈ ਵਿਸਤਰਿਤ ਜਾਣਕਾਰੀ ਵਾਸਤੇ ਉਚਿਤ ਕਮਿਸ਼ਨ ਨਾਲ ਸੰਪਰਕ ਕਰੋ।

ਬ੍ਰਿਟਿਸ਼ ਕੋਲੰਬੀਆ, ਓਨਟੈਰੀਓ ਅਤੇ ਨੂਨਾਵੁਟ ਵਿੱਚ, ਸ਼ਿਕਾਇਤਾਂ ਸਿੱਧੀਆਂ ਸੂਬਾਈ ਜਾਂ ਖੇਤਰੀ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਦਾਇਰ ਕੀਤੀਆਂ ਜਾਂਦੀਆਂ ਹਨ, ਨਾ ਕਿ ਕਮਿਸ਼ਨ ਕੋਲ। ਨੋਟ ਕਰੋ ਕਿ ਆਮ ਤੌਰ 'ਤੇ ਇੱਕ "ਸੀਮਾ ਮਿਆਦ" ਹੁੰਦੀ ਹੈ ਜਿਸਦਾ ਮਤਲਬ ਇਹ ਹੈ ਕਿ ਤੁਹਾਨੂੰ ਆਪਣੀ ਸ਼ਿਕਾਇਤ ਲਾਜ਼ਮੀ ਤੌਰ 'ਤੇ ਭੇਦਭਾਵ ਵਾਪਰਨ ਦੇ ਬਾਅਦ ਇੱਕ ਵਿਸ਼ੇਸ਼ ਸਮਾਂ ਮਿਆਦ ਅੰਦਰ ਦਾਇਰ ਕਰਨੀ ਚਾਹੀਦੀ ਹੈ। ਅਕਸਰ ਇਹ ਮਿਆਦ ਇੱਕ ਸਾਲ ਹੁੰਦੀ ਹੈ, ਪਰ ਸਬੰਧਿਤ ਕਮਿਸ਼ਨ ਜਾਂ ਟ੍ਰਿਬਿਊਨਲ ਕੋਲੋਂ ਪੜਤਾਲ ਕਰੋ।

ਕਿਸੇ ਮਨੁੱਖੀ ਅਧਿਕਾਰਾਂ ਸਬੰਧੀ ਸ਼ਿਕਾਇਤ ਨੂੰ ਦਾਇਰ ਕਰਾਉਣਾ ਮੁਫ਼ਤ ਹੈ। ਤੁਹਾਡੀ ਪ੍ਰਤੀਨਿਧਤਾ ਕਰਨ ਲਈ ਤੁਹਾਨੂੰ ਕਿਸੇ ਵਕੀਲ ਦੀ ਲੋੜ ਨਹੀਂ ਹੁੰਦੀ, ਹਾਲਾਂਕਿ ਤੁਸੀਂ ਕੋਈ ਵਕੀਲ ਕਰਨ ਦੀ ਚੋਣ ਕਰ ਸਕਦੇ ਹੋ। ਜੇ ਤੁਸੀਂ ਕਿਸੇ ਵਕੀਲ ਦੀਆਂ ਸੇਵਾਵਾਂ ਲੈਂਦੇ ਹੋ, ਤਾਂ ਇਹ ਤਦ ਤੱਕ ਤੁਹਾਡੇ ਖ਼ਰਚੇ 'ਤੇ ਹੋਣਗੀਆਂ ਜਦ ਤੱਕ ਤੁਸੀਂ ਕਿਸੇ ਲੀਗਲ ਕਲੀਨਿਕ ਜਾਂ ਹੋਰ ਕਨੂੰਨੀ ਸਹਾਇਤਾ ਸੇਵਾ ਰਾਹੀਂ ਮੁਫ਼ਤ ਸੇਵਾਵਾਂ ਹਾਸਲ ਕਰਨ ਦੇ ਯੋਗ ਨਹੀਂ ਹੋ ਜਾਂਦੇ। ਜਿਸ ਮਨੁੱਖੀ ਅਧਿਕਾਰ ਕਮਿਸ਼ਨ ਜਾਂ ਟ੍ਰਿਬਿਊਨਲ ਨਾਲ ਤੁਸੀਂ ਸੰਪਰਕ ਕਰਦੇ ਹੋ, ਉਹ ਉਪਲਬਧ ਹੋ ਸਕਦੇ ਇਸ ਕਿਸਮ ਦੇ ਸਰੋਤਾਂ ਦਾ ਸੁਝਾਅ ਦੇ ਸਕਦਾ ਹੈ। ਯਾਦ ਰੱਖੋ ਕਿ ਕਈ ਵਿਭਿੰਨ ਲੋਕ ਅਤੇ ਸੰਸਥਾਵਾਂ ਤੁਹਾਨੂੰ ਜਾਣਕਾਰੀ ਅਤੇ ਸਮਰਥਨ ਪ੍ਰਦਾਨ ਕਰਾ ਸਕਦੇ ਹਨ, ਪਰ ਕੇਵਲ ਇੱਕ ਵਕੀਲ ਹੀ ਤੁਹਾਨੂੰ ਤੁਹਾਡੀ ਵਿਅਕਤੀਗਤ ਪ੍ਰਸਥਿਤੀ ਵਾਸਤੇ ਵਿਸ਼ੇਸ਼ ਕਨੂੰਨੀ ਸਲਾਹ ਦੇ ਸਕਦਾ ਹੈ।

ਜੇ ਤੁਹਾਡੇ ਬੱਚੇ ਨੂੰ ਸਕੂਲ ਵਿਖੇ ਭੇਦਭਾਵ ਦਾ ਤਜ਼ਰਬਾ ਹੁੰਦਾ ਹੈ ਤਾਂ ਤੁਸੀਂ ਕੀ ਕਰ ਸਕਦੇ ਹੋ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ, ਇਸ ਲੜੀ ਵਿੱਚ **"ਕਾਰਜ-ਸਥਾਨ ਵਿੱਚ ਭੇਦਭਾਵ ਅਤੇ ਪਰਦੇਦਾਰੀ ਦੀਆਂ ਉਲੰਘਣਾਵਾਂ ਵਾਸਤੇ ਉਪਚਾਰ" (Remedies for discrimination and privacy violations in the workplace)**ਦੇਖੋ। ਇਸ ਜਾਣਕਾਰੀ ਵਿੱਚੋਂ ਕਾਫੀ ਸਾਰੀ ਸਿੱਖਿਆ ਦੇ ਸੰਦਰਭ ਵਿੱਚ ਵੀ ਲਾਗੂ ਹੁੰਦੀ ਹੈ। ਤੁਹਾਡੀ ਆਪਣੀ ਨਿੱਜੀ ਪ੍ਰਸਥਿਤੀ ਬਾਰੇ ਕਿਸੇ ਵਕੀਲ ਜਾਂ ਲੀਗਲ ਕਲੀਨਿਕ ਕੋਲੋਂ ਕਨੂੰਨੀ ਸਲਾਹ ਲਓ।

## ਵਧੇਰੇ ਜਾਣਕਾਰੀ ਵਾਸਤੇ

The Charter in the Classroom: Students, Teachers and Rights, "Concept 8: Equality — Accommodation of Difference" and "Concept 9: Equality — Protection from Discrimination." ਆਨਲਾਈਨ: www.thecharterrules.ca.

The National Educational Association of Disabled Students (NEADS): www.neads.ca.

ਓਨਟੈਰੀਓ ਮਨੁੱਖੀ ਅਧਿਕਾਰ ਕਮਿਸ਼ਨ, "Guidelines on Accessible Education" (2004; ਸੋਧਿਆ 2009). ਆਨਲਾਈਨ: www.ohrc.on.ca.

ਓਨਟੈਰੀਓ ਮਨੁੱਖੀ ਅਧਿਕਾਰ ਕਮਿਸ਼ਨ, “Consultation paper: Education and disability – Human Rights issues in Ontario’s education system” (2006). ਆਨਲਾਈਨ: www.ohrc.on.ca.

ਕਾਲਜ ਆਫ ਫਿਜੀਸ਼ੀਅਨਜ਼ ਐਂਡ ਸਰਜਨਜ਼ ਆਫ ਓਨਟੈਰੀਓ, “Blood-borne Pathogens,” Policy #3–12 (1998; ਸੋਧਿਆ 2005, 2012). ਆਨਲਾਈਨ: www.cpso.on.ca (“Policies”).

Comité d’adaptation de la main d’œuvre pour personne handicapée, « Diagnostic sur la formation des personnes handicapées » (2014). ਆਨਲਾਈਨ: www.camo.qc.ca/documentation/diagnosticformation.php.

ਇਸ ਕਿਤਾਬਚੇ ਦੀ ਸਮੀਖਿਆ ਕਰਨ ਅਤੇ ਆਪਣੇ ਵਿਚਾਰ ਪ੍ਰਦਾਨ ਕਰਾਉਣ ਵਾਸਤੇ ਅਸੀਂ ਮੇਰੀ ਬਰਡਸੈੱਲ (ਜਸਟਿਸ ਫਾਰ ਚਿਲਡਰਨ ਐਂਡ ਯੂਥ), ਰੀਨੀ ਲੈਂਗ (HALCO), ਕਲਾਊਡੇ ਲੌਂਗਪਰੇ-ਪੌਈਰੀਅਰ (COCQ-Sida), ਅਤੇ ਸਾਈਮੌਨ ਸ਼ਿੰਡਲਰ (ਦਾ ਟੈਰੇਸਾ ਗਰੁੱਪ) ਦੇ ਅਹਿਸਾਨਮੰਦ ਹਾਂ।

**ਇਸ ਪ੍ਰਕਾਸ਼ਨਾ ਵਿਚਲੀ ਜਾਣਕਾਰੀ ਕਨੂੰਨ ਬਾਰੇ ਜਾਣਕਾਰੀ ਹੈ, ਪਰ ਇਹ ਕਨੂੰਨੀ ਸਲਾਹ ਨਹੀਂ ਹੈ। ਕਨੂੰਨੀ ਸਲਾਹ ਵਾਸਤੇ, ਕਿਰਪਾ ਕਰਕੇ ਆਪਣੇ ਖੇਤਰ ਵਿੱਚ ਕਿਸੇ ਵਕੀਲ ਨਾਲ ਸੰਪਰਕ ਕਰੋ।**

ਇਹ ਦਸਤਾਵੇਜ਼ ਕੈਨੇਡਾ ਵਿੱਚ HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਦੇ ਅਧਿਕਾਰਾਂ ਬਾਬਤ ਅੱਠ ਕਿਤਾਬਚਿਆਂ (ਅੰਗਰੇਜ਼ੀ ਅਤੇ ਫਰੈਂਚ ਵਿੱਚ) ਦੀ ਇੱਕ ਲੜੀ ਵਿੱਚ ਇੱਕ ਕਿਤਾਬਚੇ ਵਜੋਂ ਹੋਂਦ ਵਿੱਚ ਆਇਆ।

ਇਸ ਦਸਤਾਵੇਜ਼ ਦੀਆਂ ਕਾਪੀਆਂ Canadian HIV/AIDS Legal Network ਦੀ ਵੈੱਬਸਾਈਟwww.aidslaw.ca’ਤੇ ਉਪਲਬਧ ਹਨ। ਮੁੜ-ਪ੍ਰਕਾਸ਼ਨਾ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਪਰ ਕਾਪੀਆਂ ਨੂੰ ਵੇਚਿਆ ਨਹੀਂ ਜਾ ਸਕਦਾ, ਅਤੇ ਜਾਣਕਾਰੀ ਦੇ ਸਰੋਤ ਵਜੋਂ HIV/AIDS Legal Network ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਅਗਲੇਰੀ ਜਾਣਕਾਰੀ ਵਾਸਤੇ, ਲੀਗਲ ਨੈੱਟਵਰਕ ਨੂੰinfo@aidslaw.ca’ਤੇ ਸੰਪਰਕ ਕਰੋ।

**ਇਸ ਦਸਤਾਵੇਜ਼ ਦੇ ਸ਼ੁਰੂਆਤੀ ਅੰਗਰੇਜ਼ੀ ਅਤੇ ਫਰੈਂਚ ਸੰਸਕਰਣਾਂ ਨੂੰ ਪ੍ਰਕਾਸ਼ਿਤ ਕਰਨ ਵਾਸਤੇ ਫ਼ੰਡ ਸਹਾਇਤਾ ਕੈਨੇਡਾ ਦੇ ਜਨਤਕ ਸੇਹਤ ਅਦਾਰੇ ਦੁਆਰਾ ਪ੍ਰਦਾਨ ਕੀਤੀ ਗਈ ਸੀ। ਇਸ ਅਨੁਵਾਦ ਵਾਸਤੇ ਫ਼ੰਡ ਸਹਾਇਤਾ ਓਨਟਾਰੀਓ ਮਿਨਿਸਟਰੀ ਆਫ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਦੁਆਰਾ ਪ੍ਰਦਾਨ ਕੀਤੀ ਗਈ ਸੀ। ਪ੍ਰਗਟਾਏ ਗਏ ਨਜ਼ਰੀਏ ਲੇਖਕਾਂ/ਖੋਜਕਾਰਾਂ ਦੇ ਹਨ ਅਤੇ ਜ਼ਰੂਰੀ ਨਹੀਂ ਕਿ ਇਹ ਫ਼ੰਡ ਦੇਣ ਵਾਲਿਆਂ ਦੇ ਦ੍ਰਿਸ਼ਟੀਕੋਣਾਂ ਜਾਂ ਨੀਤੀਆਂ ਦੀ ਝਲਕ ਦਿੰਦੇ ਹੋਣ।**

© Canadian HIV/AIDS Legal Network, 2013